ਪੰਜਾਬੀ-ਪ੍ਰਸ਼ਨ
ਜਮਾਤ-ਦਸਵੀਂ

21. 'ਅਧਿਆਪਕ' ਸ਼ਬਦ ਕਿਸ ਪ੍ਰਕਾਰ ਦਾ ਨਾਂਵ ਹੈ?

ੳ. ਖ਼ਾਸ ਨਾਂਵ  ਅ. ਵਸਤੂ ਵਾਚਕ ਨਾਂਵ  ੲ. ਆਮ ਨਾਂਵ  ਸ. ਭਾਵ-ਵਾਚਕ ਨਾਂਵ

22. ਜਿਸ ਸ਼ਬਦ ਤੋਂ ਕਿਸੇ ਭਾਵ, ਗੁਣ, ਜਾਂ ਹਾਲਤ ਦਾ ਗਿਆਨ ਹੋਵੇ, ਉਸਨੂੰ........ਕਿਹਾ ਜਾਂਦਾ ਹੈ।

ੳ. ਖ਼ਾਸ ਨਾਂਵ  ਅ. ਵਸਤੂ ਵਾਚਕ ਨਾਂਵ  ੲ. ਆਮ ਨਾਂਵ  ਸ. ਭਾਵ-ਵਾਚਕ ਨਾਂਵ

23. ਜਿਸ ਸ਼ਬਦ ਤੋਂ ਕਿਸੇ ਸਮੁੱਚੀ ਸ਼੍ਰੇਣੀ ਜਾਂ ਜਾਤੀ ਦਾ ਗਿਆਨ ਹੋਵੇ, ਉਸਨੂੰ........ਕਿਹਾ ਜਾਂਦਾ ਹੈ।

ੳ. ਖ਼ਾਸ ਨਾਂਵ  ਅ. ਵਸਤੂ ਵਾਚਕ ਨਾਂਵ  ੲ. ਆਮ ਨਾਂਵ  ਸ. ਭਾਵ-ਵਾਚਕ ਨਾਂਵ

24. ਜਿਸ ਸ਼ਬਦ ਤੋਂ ਕਿਸੇ ਇਕੱਠ ਜਾਂ ਸਮੂਹ ਦਾ ਗਿਆਨ ਹੋਵੇ, ਉਸਨੂੰ........ਕਿਹਾ ਜਾਂਦਾ ਹੈ।

ੳ. ਖ਼ਾਸ ਨਾਂਵ  ਅ. ਵਸਤੂ ਵਾਚਕ ਨਾਂਵ  ੲ. ਆਮ ਨਾਂਵ  ਸ. ਇਕੱਠ-ਵਾਚਕ ਨਾਂਵ

25. ਪੁਰਖ ਵਾਚਕ ਪੜਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ?

ੳ. ਛੇ  ਅ. ਪੰਜ  ੲ. ਚਾਰ  ਸ. ਤਿੰਨ

26. 'ਅਹੁ' ਸ਼ਬਦ ਕਿਹੜੇ ਪੜਨਾਂਵ ਦੀ ਉਦਾਹਰਨ ਹੈ?

ੳ. ਨਿੱਜ-ਵਾਚਕ ਪੜਨਾਂਵ  ਅ. ਪੁਰਖ-ਵਾਚਕ ਪੜਨਾਂਵ

ੲ. ਨਿਸਚੇਵਾਚਕ ਪੜਨਾਂਵ  ਸ. ਸੰਬੰਧ-ਵਾਚਕ ਪੜਨਾਂਵ

27. 'ਆਪ ਜੀ ਕਦੋਂ ਆਓਗੇ?' ਵਾਕ ਵਿੱਚ 'ਆਪ' ਸ਼ਬਦ ਕਿਹੜਾ ਪੜਨਾਂਵ ਹੈ?

ੳ. ਨਿੱਜ-ਵਾਚਕ ਪੜਨਾਂਵ  ਅ. ਪੁਰਖ-ਵਾਚਕ ਪੜਨਾਂਵ

ੲ. ਨਿਸਚੇਵਾਚਕ ਪੜਨਾਂਵ  ਸ. ਸੰਬੰਧ-ਵਾਚਕ ਪੜਨਾਂਵ

28. 'ਮੈਂ ਆਪ ਰੋਟੀ ਪਕਾ ਲਵਾਂਗੀ' ਵਾਕ ਵਿੱਚ 'ਆਪ' ਸ਼ਬਦ ਕਿਹੜਾ ਪੜਨਾਂਵ ਹੈ?

ੳ. ਨਿੱਜ-ਵਾਚਕ ਪੜਨਾਂਵ  ਅ. ਪੁਰਖ-ਵਾਚਕ ਪੜਨਾਂਵ

ੲ. ਨਿਸਚੇਵਾਚਕ ਪੜਨਾਂਵ  ਸ. ਸੰਬੰਧ-ਵਾਚਕ ਪੜਨਾਂਵ

29. ਹੇਠ ਲਿਖਿਆਂ ਵਿੱਚੋਂ ਅਨਿਸਚੇਵਾਚਕ ਪੜਨਾਂਵ ਦੀ ਉਦਾਹਰਨ ਦੱਸੋ।

ੳ. ਅਸੀਂ  ਅ. ਕਿਹੜਾ  ੲ. ਕੋਈ  ਸ. ਅਹੁ

30. ਪੰਜਾਬੀ ਭਾਸ਼ਾ ਦੀ ਵਾਕ ਵਿਉਂਤ ਕੀ ਹੈ?

ੳ. ਕਰਤਾ+ਕਿਰਿਆ+ਕਰਮ  ਅ. ਕਰਮ+ਕਿਰਿਆ+ਕਰਤਾ

ੲ. ਕਰਤਾ+ਕਰਮ+ਕਿਰਿਆ  ਸ. ਕਰਮ+ਕਰਤਾ+ਕਿਰਿਆ

31. ਚਪੜਾਸੀ ਨੇ ਘੰਟੀ ਵਜਾਈ। ਵਾਕ ਵਿੱਚ 'ਵਜਾਈ' ਸ਼ਬਦ ਕੀ ਹੈ?

ੳ. ਕਰਤਾ  ਅ. ਕਰਮ  ੲ. ਨਾਂਵ  ਸ. ਕਿਰਿਆ

32. ਵਿਦਿਆਰਥੀ ਪਾਠ ਪੜ੍ਹ ਰਹੇ ਹਨ। ਵਾਕ ਵਿੱਚ ਕਿਸ ਪ੍ਰਕਾਰ ਦੀ ਕਿਰਿਆ ਹੈ?

ੳ. ਪ੍ਰੇਰਨਾਰਥਕ ਕਿਰਿਆ  ਅ. ਸਧਾਰਨ ਕਿਰਿਆ

ੲ. ਦੂਹਰੀ ਪ੍ਰੇਰਨਾਰਥਕ ਕਿਰਿਆ ਸ. ਇਹਨਾਂ ਵਿੱਚੋਂ ਕੋਈ ਨਹੀਂ

33. ਜਿਸ ਸ਼ਬਦ ਤੋਂ ਕਿਸੇ ਕੰਮ ਦਾ ਹੋਣਾ ਜਾਂ ਕਰਨਾ ਕਾਲ ਸਮੇਤ ਪ੍ਰਗਟ ਹੋਵੇ ਉਸਨੂੰ........ਕਿਹਾ ਜਾਂਦਾ ਹੈ।

ੳ. ਕਰਮ ਅ. ਨਾਂਵ ੲ. ਕਰਤਾ ਸ. ਕਿਰਿਆ

34. 'ਛੁੱਟੀਆਂ ਵਿੱਚ ਮੈਂ ਖ਼ੂਬ ਖੇਡਦਾ ਸਾਂ' ਇਸ ਵਾਕ ਵਿੱਚ ਸਹਾਇਕ ਕਿਰਿਆ ਕਿਹੜੀ ਹੈ?

ੳ. ਮੈਂ ਅ. ਸਾਂ ੲ. ਖੇਡਦਾ ਸ. ਖ਼ੂਬ

35. ਹੇਠ ਲਿਖਿਆਂ ਵਿੱਚੋਂ ਅਕਰਮਕ ਕਿਰਿਆ ਦੀ ਉਦਾਹਰਨ ਕਿਹੜੀ ਹੈ?

ੳ. ਚਪੜਾਸੀ ਨੇ ਘੰਟੀ ਵਜਾਈ ਅ. ਛੁੱਟੀਆਂ ਵਿੱਚ ਮੈਂ ਫੁੱਟਬਾਲ ਖੇਡਦਾ ਸਾਂ।

ੲ. ਮੀਂਹ ਪੈ ਰਿਹਾ ਹੈ। ਸ. ਅਧਿਆਪਕ ਪਾਠ ਪੜ੍ਹਾ ਰਿਹਾ ਹੈ।

36. ਮੈਥੋਂ ਸਾਈਕਲ ਡਿੱਗ ਪਿਆ। ਇਸ ਵਾਕ ਵਿੱਚ ਕਿਰਿਆ ਦਾ ਵਾਚ ਕਿਹੜਾ ਹੈ?

ੳ. ਕਰਤਰੀ ਵਾਚ ਅ.ਭਾਵ ਵਾਚ

ੲ. ਕਰਮਨੀ ਵਾਚ ਸ. ਕੋਈ ਨਹੀਂ

37. ਕਿਰਿਆ ਦੇ ਜਿਸ ਰੂਪ ਤੋਂ ਇਹ ਪਤਾ ਲੱਗੇ ਕਿ ਵਾਕ ਵਿੱਚ ਪ੍ਰਧਾਨ ਕੌਣ ਹੈ-ਕਰਤਾ, ਕਰਮ ਜਾਂ ਭਾਵ-ਉਸਨੂੰ .........ਕਿਹਾ ਜਾਂਦਾ ਹੈ।

ੳ. ਕਰਮ ਅ.ਵਾਚ ੲ. ਵਾਕ ਸ. ਕਾਰਕ

38. ਹੇਠ ਲਿਖਿਆਂ ਵਿੱਚੋਂ ਭਾਵ ਵਾਚ ਦੀ ਉਦਾਹਰਨ ਕਿਹੜੀ ਹੈ?

ੳ. ਭੁੱਖੇ ਢਿੱਡ ਨਾ ਹੱਸਿਆ ਜਾਂਦਾ ਨਾ ਰੋਇਆ ਜਾਂਦਾ। ਅ. ਰੋਟੀ ਪੱਕ ਗਈ

ੲ. ਬੱਚੇ ਖੇਡ ਰਹੇ ਹਨ ਸ. ਕੋਈ ਨਹੀਂ

39. ਪੰਜਾਬੀ ਅਧਿਆਪਕ ਪੜ੍ਹਾ ਰਿਹਾ ਹੈ। ਇਸ ਵਾਕ ਵਿੱਚ 'ਪੰਜਾਬੀ' ਸ਼ਬਦ ਕਿਸ ਸ਼ਬਦ ਰੂਪ ਵਜੋਂ ਵਿਚਰ ਰਿਹਾ ਹੈ?

ੳ. ਕਿਰਿਆ ਵਿਸ਼ੇਸ਼ਣ ਅ. ਕਿਰਿਆ ੲ. ਵਿਸ਼ੇਸ਼ਣ ਸ. ਨਾਂਵ

40. ਅਧਿਆਪਕ ਹੌਲ਼ੀ-ਹੌਲ਼ੀ ਪੜ੍ਹਾ ਰਿਹਾ ਹੈ। ਇਸ ਵਾਕ ਵਿੱਚ 'ਹੌਲ਼ੀ-ਹੌਲ਼ੀ' ਸ਼ਬਦ ਕਿਸ ਸ਼ਬਦ ਰੂਪ ਵਿੱਚ ਵਿਚਰ ਰਿਹਾ ਹੈ?

ੳ. ਨਾਂਵ ਅ. ਕਿਰਿਆ ਵਿਸ਼ੇਸ਼ਣ ੲ. ਕਿਰਿਆ ਸ. ਵਿਸ਼ੇਸ਼ਣ

21-ੲ 22-ਸ 23-ੲ 24-ਸ 25-ਸ 26=ੲ 27-ਅ 28-ੳ 29-ੲ 30-ੲ 31-ਸ 32-ਅ
33-ਸ 34-ਅ 35-ੲ 36-ੲ 37-ਅ 38-ੳ 39-ੲ 40-ਅ

ਰੰਗ ਹਰਜਿੰਦਰ ਸਿੰਘ

ਸਟੇਟ ਰਿਸੋਰਸ ਪਰਸਨ, ਪੰਜਾਬੀ

9501400377